# ਖ਼ਾਲਸਾ ਕਰੈਡਿਟ ਯੂਨੀਅਨ ਦੀ 1 ਮਈ 2022 ਨੂੰ ਵੈੱਬੀਨਾਰ ਰਾਹੀਂ 36ਵੀਂ ਵਰਚੂਅਲ ਸਲਾਨਾ ਜਨਰਲ ਮੀਟਿੰਗ ਦੀ ਕਾਰਵਾਈ ਦੇ ਵੇਰਵੇ

1. ਸ: ਹਰਦੀਪ ਸਿੰਘ ਬੈਂਸ ਨੇ ਮੈਂਬਰਾਂ ਅਤੇ ਮਹਿਮਾਨਾਂ ਦਾ ਖ਼ਾਲਸਾ ਕਰੈਡਿਟ ਯੂਨੀਅਨ ਦੀ ਸਾਲਾਨਾ ਵਰਚੂਅਲ ਜਨਰਲ ਮੀਟਿੰਗ ਵਿਚ ਸ਼ਾਮਲ ਹੋਣ ਤੇ ਸਵਾਗਤ ਕੀਤਾ। ਉਨ੍ਹਾਂ ਨੇ ਮੀਟਿੰਗ ਦੀ ਕਾਰਵਾਈ ਸੁਚਾਰੂ ਰੂਪ ਵਿਚ ਚਲਾਉਣ ਲਈ ਦੱਸਿਆ ਕਿ ਕਿਵੇਂ ਮੈਂਬਰ ਸਾਲਾਨਾ ਜਨਰਲ ਮੀਟਿੰਗ ਡੈਸਕਟਾਪ ਤੇ ਕੰਪਿਊਟਰ ਆਡੀਓ ਦੀ ਮਦਦ ਨਾਲ ਕਾਨਫ਼ਰੰਸ ਲਾਈਨ ਤੇ ਸਿਰਫ਼ ਆਡੀਓ ਮੋਡ ਤੇ ਹੀ ਸਵਾਲ ਪੁੱਛ ਸਕਦੇ ਹਨ। ਉਨ੍ਹਾਂ ਦੱਸਿਆ ਕਿ ਸਾਲਾਨਾ ਜਨਰਲ ਮੀਟਿੰਗ ਦੀ ਸਮਗਰੀ ਆਨ- ਲਾਈਨ ਅੱਪਲੋਡ ਕੀਤੀ ਜਾਏਗੀ। ਉਨ੍ਹਾਂ ਨੇ ਮੁੱਖ ਮੁੱਦਿਆਂ ਬਾਰੇ ਪੰਜਾਬੀ ਅਤੇ ਅੰਗਰੇਜ਼ੀ ਵਿਚ ਦੱਸਿਆ ਤਾਂ ਕਿ ਮੈਂਬਰ ਸਵਾਲ ਪੁੱਛ ਸਕਣ ਅਤੇ ਮੋਸ਼ਨ ਪੇਸ਼ ਕਰ ਸਕਣ ਪਹਿਲਾ ਮਿਊਟ-ਅਨਮਿਊਟ ਬਟਨ ਦਬਾ ਕੇ, ਦੂਜਾ ਹੱਥ ਖੜ੍ਹਾ ਕਰ ਕੇ ਅਤੇ ਤੀਜਾ ਸਵਾਲ ਅਤੇ ਜਵਾਬ। ਉਨ੍ਹਾਂ ਇਹ ਵੀ ਪ੍ਰਦਰਸ਼ਿਤ ਕੀਤਾ ਕਿ ਆਪਣਾ ਮੈਸੇਜ ਟਾਈਪ ਕਰ ਕੇ ਅਤੇ ਹੱਥ ਕੜਾ ਕਰ ਕੇ ਕਿਵੇਂ ਸਵਾਲ ਪੁੱਛ ਸਕਦੇ ਹਨ।

   ਉਨ੍ਹਾਂ ਦੱਸਿਆ ਕਿ ਹੇਠ ਲਿਖੇ ਪ੍ਰਦਰਸ਼ਨ ਆਨ-ਲਾਈਨ ਉਪਲਬਧ ਹਨ:-

   - ਰੂਲਜ਼ ਆਫ਼ ਆਰਡਰ ਅੰਗਰੇਜ਼ੀ ਅਤੇ ਪੰਜਾਬੀ ਵਿਚ
   - 2021 ਦੀ ਸਾਲਾਨਾ ਜਨਰਲ ਮੀਟਿੰਗ ਦੇ ਮਿਨਟਸ
   - ਸਾਲਾਨਾ ਰਿਪੋਰਟ ਅਤੇ
   - ਵਿੱਤੀ ਸਟੇਟਮੈਂਟ ਦੀ ਸਾਰਾਂਸ਼

   ਉਨ੍ਹਾਂ ਸਲਾਹ ਦਿੱਤੀ ਕਿ ਜੇ ਕੋਈ ਸਵਾਲ ਹੋਵੇ ਤਾਂ 604-507-2374 ਨੰਬਰ ਤੇ ਸ਼ਾਮਲ ਸੱਜਣ ਫ਼ੋਨ ਕਰ ਸਕਦੇ ਹਨ ਅਤੇ ਸਾਡੇ ਟੀਮ ਮੈਂਬਰ ਤਕਨੀਕੀ ਮੁੱਦਿਆਂ ਬਾਰੇ ਮਦਦ ਕਰ ਸਕਦੇ ਹਨ ਅਤੇ ਬੇਨਤੀ ਕੀਤੀ ਕਿ ਜੇ ਕੋਈ ਤਕਨੀਕੀ ਮੁਸ਼ਕਲ ਹੋਵੇ ਤਾਂ ਸਬਰ ਸੰਤੋਖ ਨਾਲ ਸਾਨੂੰ ਸਹਿਯੋਗ ਦੇਣ।

2. ਸ: ਹਰਦੀਪ ਸਿੰਘ ਬੈਂਸ ਨੇ ਸ਼੍ਰੀਮਤੀ ਗੁਰਮਿੰਦਰ ਕੌਰ ਮਲਿਕ ਨੂੰ ਬੋਰਡ ਦੀ ਸੈਕਟਰੀ ਵਜੋਂ ਪਹਿਚਾਣ ਕਰਵਾਈ।

3. ਸ਼੍ਰੀਮਤੀ ਗੁਰਮਿੰਦਰ ਕੌਰ ਮਲਿਕ ਨੇ ਸਾਰੇ ਮੈਂਬਰਾਂ ਦਾ ਵਰਚੂਅਲ ਮੀਟਿੰਗ ਵਿਚ ਸ਼ਾਮਲ ਹੋਣ ਲਈ ਸਵਾਗਤ ਕੀਤਾ ਅਤੇ 114 ਮੈਂਬਰਾਂ ਦਾ ਕੋਰਮ ਪੂਰਾ ਹੋਣ ਤੇ **ਦੁਪਹਿਰ** 2:04 ਵਜੇ ਮੀਟਿੰਗ ਸ਼ੁਰੂ ਕਰ ਲਈ ਕਿਹਾ। ਉਨ੍ਹਾਂ ਨੇ ਬੋਰਡ ਦੇ ਚੇਅਰਮੈਨ ਸ: ਜਗਪਾਲ ਸਿੰਘ ਸੰਧੂ ਨੂੰ ਮੀਟਿੰਗ ਜਾਰੀ ਰੱਖਣ ਲਈ ਕਿਹਾ।

   ਸ: ਜਗਪਾਲ ਸਿੰਘ ਸੰਧੂ ਨੇ ਸਾਰਿਆਂ ਮੈਂਬਰਾਂ ਦਾ ਸਵਾਗਤ ਕੀਤਾ ਅਤੇ ਖ਼ਾਲਸਾ ਕਰੈਡਿਟ ਯੂਨੀਅਨ ਦੀ ਵਰਚੂਅਲ ਸਾਲਾਨਾ ਜਨਰਲ ਮੀਟਿੰਗ ਲਈ ਸਮਾਂ ਦੇਣ ਲਈ ਧੰਨਵਾਦ ਕੀਤਾ। ਉਨ੍ਹਾਂ ਨੇ ਸ: ਜਸਵਿੰਦਰ ਸਿੰਘ ਗਿੱਲ ਨੂੰ ਅਰਦਾਸ ਕਰਨ ਲਈ ਬੇਨਤੀ ਕੀਤੀ।

4. ਸ: ਜਗਪਾਲ ਸਿੰਘ ਸੰਧੂ ਨੇ ਹੇਠ ਲਿਖੀਆਂ ਨਿਯੁਕਤੀਆਂ ਦੀ ਘੋਸ਼ਣਾ ਕੀਤੀ:-
   1. ਸ਼੍ਰੀਮਤੀ ਗੁਰਮਿੰਦਰ ਕੌਰ ਮਲਿਕ ਰਿਕਾਰਡਿੰਗ ਸੈਕਟਰੀ ਵਜੋਂ
   2. ਸ: ਮਲਵਿੰਦਰ ਸਿੰਘ ਗਰੇਵਾਲ **ਅਤੇ** ਮਿਸਟਰ **ਈਅਨ** ਸਕਾਟ, ਅਰਨੈਸਟ **ਐਂਡ** ਯੰਗ ਐੱਲ.ਐੱਲ.ਪੀ., ਕੈਨੇਡਾ ਪੜਤਾਲੀਏ ਵਜੋਂ
   3. ਸ: ਸੁਖਬਿੰਦਰ ਸਿੰਘ ਨੁਨੜਾ ਪਾਰਲੀਮੈਂਟੇਰੀਅਨ ਅਤੇ ਲੀਗਲ ਕੌਂਸਲ ਵਜੋਂ
5. ਏਜੰਡਾ ਪਰਵਾਨ ਕੀਤਾ ਗਿਆ।

   ***ਪੇਸ਼ ਕੀਤਾ ਸ: ਅਵਤਾਰ ਸਿੰਘ ਢਿੱਲੋਂ ਤਾਈਦ ਕੀਤੀ ਸ: ਜਰਨੈਲ ਸਿੰਘ ਰਾਏ ਪਾਸ ਹੋਇਆ***

6. ਸ: ਜਗਪਾਲ ਸਿੰਘ ਸੰਧੂ ਨੇ ਬੋਰਡ ਮੈਂਬਰਾਂ ਅਤੇ ਸੀ.ਈ.ਓ. ਦੀ ਪਹਿਚਾਣ ਕਰਵਾਈ।

7. 2 ਮਈ 2021 ਨੂੰ ਹੋਈ 35ਵੀਂ ਸਾਲਾਨਾ ਜਨਰਲ ਮੀਟਿੰਗ ਦੀ ਕਾਰਵਾਈ ਸ਼੍ਰੀਮਤੀ ਗੁਰਮਿੰਦਰ ਕੌਰ ਮਲਿਕ ਵੱਲੋਂ ਪੇਸ਼ ਕੀਤੀ ਗਈ ਜੋ ਪ੍ਰਵਾਨ ਹੋਈ।

   ***ਪੇਸ਼ ਕੀਤਾ ਸ: ਜਰਨੈਲ ਸਿੰਘ ਰਾਏ ਤਾਈਦ ਕੀਤੀ ਸ: ਜਸਪਾਲ ਸਿੰਘ ਰਾਏ ਪਾਸ ਹੋਇਆ***

   ਕਾਰਵਾਈ (ਮਿਨਟਸ) ਵਿਚੋਂ ਪੈਦਾ ਹੋਇਆ ਕੰਮ:-

   ਕੁੱਝ ਨਹੀਂ

## 8. ਚੇਅਰਮੈਨ ਦੀ ਰਿਪੋਰਟ

ਸ: ਜਗਪਾਲ ਸਿੰਘ ਸੰਧੂ ਨੇ ਬੋਰਡ ਚੇਅਰ ਦੀ ਰਿਪੋਰਟ ਪੇਸ਼ ਕੀਤੀ।

ਉਨ੍ਹਾਂ ਨੇ ਦੱਸਿਆ ਕਿ ਪਿਛਲੇ ਸਾਲ ਸਾਡੀ ਬੈਲੰਸ ਬੈਂਸ **ਸ਼ੀਟ** ਵਿਚ ਵਾਧਾ ਜਾਰੀ ਰਿਹਾ, ਕੋਵਿਡ-19 ਦੇ ਪ੍ਰਭਾਵ ਦੇ ਬਾਵਜੂਦ ਸਾਡੀ ਸੰਪਤੀ $683 ਮਿਲੀਅਨ ਤੋਂ ਜ਼ਿਆਦਾ ਹੋ ਗਈ ਅਤੇ ਬੋਰਡ ਨੇ "ਏ" ਕਲਾਸ ਮੈਂਬਰਸ਼ਿਪ ਦੇ ਸ਼ੇਅਰਾਂ ਤੇ 5% ਅਤੇ ਕਲਾਸ "ਬੀ" ਇਕੁਇਟੀ ਸ਼ੇਅਰਾਂ ਤੇ ਵੀ 5% ਡਿਵੀਡੈਂਡ ਦੀ ਘੋਸ਼ਣਾ ਕੀਤੀ। ਅਸੀਂ ਆਪਣੇ ਭਾਈਚਾਰੇ ਦੀ ਮਦਦ ਵੀ ਸਕਾਲਰਸ਼ਿਪਾਂ ਅਤੇ ਹੋਰ ਪ੍ਰੋਗਰਾਮਾਂ ਰਾਹੀਂ ਜਾਰੀ ਰੱਖੀ। ਉਨ੍ਹਾਂ ਨੇ ਹੋਰ ਦੱਸਿਆ ਖ਼ਾਲਸਾ ਕਰੈਡਿਟ ਯੂਨੀਅਨ ਨੇ $55000 ਦੇ ਸਕਾਲਰਸ਼ਿਪ ਵੰਡੇ ਹਨ ਅਤੇ ਭਾਈਚਾਰੇ ਦੇ ਹੋਰ ਪ੍ਰਾਜੈਕਟਾਂ ਲਈ ਵੀ ਦਾਨ ਦੇਣਾ ਜਾਰੀ ਰੱਖਿਆ ਹੈ।

ਸਿਹਤ ਅਥਾਰਿਟੀ ਦੇ ਦਿਸ਼ਾ ਨਿਰਦੇਸ਼ਾਂ ਦੇ ਅਧਾਰ ਤੇ ਅਸੀਂ ਆਪਣੀਆਂ ਸਾਰੀਆਂ ਬਰਾਂਚਾਂ ਵਿਚ ਸੁਰੱਖਿਆ ਦੀ ਪਾਲਨਾ ਜਾਰੀ ਰੱਖਦੇ ਹਾਂ। ਉਨ੍ਹਾਂ ਨੇ ਸਾਰੇ ਕਰਮਚਾਰੀਆਂ ਦਾ ਆਪਣੇ ਲਈ ਅਤੇ ਸਾਡੇ ਮੈਂਬਰਾਂ ਲਈ ਸੁਰੱਖਿਅਤ ਵਾਤਾਵਰਣ ਬਣਾਈ ਰੱਖਣ ਲਈ ਧੰਨਵਾਦ ਕੀਤਾ।

**ਖਾਲਸਾ ਕਰੈਡਿਟ** ਯੂਨੀਅਨ ਦੀ ਵਿੱਤੀ ਹਾਲਤ ਹਮੇਸ਼ਾ ਮਜ਼ਬੂਤ ਰਹੀ ਹੈ ਅਤੇ ਸਾਡੀ ਬੈਲੰਸ ਸ਼ੀਟ ਦੀ ਮਜ਼ਬੂਤੀ ਨੇ ਘੱਟ ਵਿਆਜ ਦਰ ਦੇ ਮਾਹੌਲ ਵਿਚ ਵੀ ਆਪਣਾ ਲਚਕੀਲਾਪਣ ਦਿਖਾਇਆ ਹੈ। ਸ: ਸੰਧੂ ਨੇ ਦੱਸਿਆ ਕਿ ਵਿਆਜ ਦੇ ਵਾਧੇ ਵਾਲੇ ਮਾਹੌਲ ਵਿਚ ਸਾਡੀ ਵਿੱਤੀ ਹਾਲਤ ਹੋਰ ਮਜ਼ਬੂਤ ਹੋਵੇਗੀ ਅਤੇ ਕਈ ਸਕਾਰਾਤਮਿਕ ਨਤੀਜੇ ਮਿਲੇ ਹਨ। ਪਰਦੇ ਪਿੱਛੇ ਅਸੀਂ ਆਪਣੀ ਟੈਕਨਾਲੋਜੀ ਦੇ ਬੁਨਿਆਦੀ ਢਾਂਚੇ ਵਿਚ ਨਿਵੇਸ਼ ਕਰ ਰਹੇ ਹਾਂ ਤਾਂ ਕਿ ਸਾਡੇ ਮੈਂਬਰ ਸਾਡੀਆਂ ਸੇਵਾਵਾਂ ਦਾ ਫ਼ਾਇਦਾ ਮੋਬਾਈਲ ਤੇ ਨਿੱਜੀ ਜਾਂ ਆਨਲਾਈਨ ਲੈ ਸਕਣ।

ਉਨ੍ਹਾਂ ਹੋਰ ਦੱਸਿਆ ਕਿ ਇਸ ਸਮੇਂ ਮਹਿੰਗਾਈ ਬਹੁਤ ਜ਼ਿਆਦਾ ਹੈ ਅਤੇ ਰੀਅਲ ਅਸਟੇਟ ਸਾਰੀਆਂ ਭਵਿੱਖ ਬਾਣੀਆਂ ਨੂੰ ਨਕਾਰ ਰਹੀ ਹੈ, ਪਰ ਅਸੀਂ ਆਪਣੇ ਮੈਂਬਰਾਂ ਅਤੇ ਭਾਈਚਾਰੇ ਦੀ ਮਦਦ ਦਾਨ ਅਤੇ ਹੋਰ ਤਰੀਕਿਆਂ ਨਾਲ ਜਾਰੀ ਰੱਖਾਂਗੇ। ਅਸੀਂ ਹਾਲ ਵਿਚ ਹੀ ਖ਼ਾਲਸਾ ਏਡ ਕੈਨੇਡਾ ਨਾਲ ਮਿਲ ਕੇ ਲੋਅਰ ਮੇਨ ਲੈਂਡ ਵਿਚ ਖਾਣੇ ਦੇ ਜ਼ਰੂਰਤਮੰਦਾਂ ਦੀ ਸਹਾਇਤਾ ਲਈ ਸਫਲ ਯਤਨ ਕੀਤਾ ਹੈ। ਲੋਕਲ ਸੰਸਥਾਵਾਂ ਅਤੇ ਚੈਰਟੀਜ਼ ਨੂੰ ਸਾਡੇ ਦਾਨ ਪਹਿਲਾਂ ਨਾਲੋਂ ਇਸ ਸਮੇਂ ਜ਼ਿਆਦਾ ਮਹੱਤਵਪੂਰਨ ਹਨ ਅਤੇ ਐਸੇ ਸਮੇਂ ਅਸੀਂ ਆਪਣੇ ਭਾਈਚਾਰੇ ਦੀ ਸਹਾਇਤਾ ਕਰਾਂਗੇ। ਅਸੀਂ ਆਪਣੇ ਮੈਂਬਰਾਂ ਨੂੰ ਮੁਕਾਬਲਤਨ ਬਿਹਤਰ ਦਰਾਂ ਅਤੇ ਸੇਵਾਵਾਂ ਪ੍ਰਦਾਨ ਕਰਦੇ ਰਹਾਂਗੇ ਅਤੇ ਆਪਣੇ ਨੌਜਵਾਨਾਂ ਨੂੰ ਵਿੱਤੀ ਸਿੱਖਿਆ ਪ੍ਰਦਾਨ ਕਰਨਾ ਜਾਰੀ ਰੱਖਾਂਗੇ ਤਾਂ ਕਿ ਉਨ੍ਹਾਂ ਕੋਲ ਆਪਣੀ ਤਰੱਕੀ ਲਈ ਮਜ਼ਬੂਤ ਵਿੱਤੀ ਅਧਾਰ ਹੋਵੇ।

ਸਾਰੇ ਬੋਰਡ ਦੀ ਤਰਫ਼ੋਂ ਮੈਂ ਸਾਰੇ ਮੈਂਬਰਾਂ, ਕਰਮਚਾਰੀਆਂ ਅਤੇ ਮੈਨੇਜਮੈਂਟ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਜਿਨ੍ਹਾਂ ਦੀ ਲਗਾਤਾਰ ਸਹਾਇਤਾ ਅਤੇ ਸਮਰਪਣ ਸਦਕਾ ਖ਼ਾਲਸਾ ਕਰੈਡਿਟ ਯੂਨੀਅਨ ਇੱਕ ਸਫਲ ਅਤੇ ਗਤੀਸ਼ੀਲ ਸੰਸਥਾ ਬਣੀ ਹੈ। ਐਸੇ ਅਨਿਸ਼ਚਿਤ ਸਮਿਆਂ ਵਿਚ ਤੁਹਾਡੇ ਸਮਰਥਨ ਨਾਲ ਅਸੀਂ ਸਾਰੇ ਮਿਲ ਕੇ ਕੰਮ ਕਰਦੇ ਰਹਾਂਗੇ।

***ਪੇਸ਼ ਕੀਤਾ ਸ: ਕੁਲਦੀਪ ਸਿੰਘ ਸਿੱਧੂ ਤਾਈਦ ਕੀਤੀ ਮਿਸ ਪਰਮ ਸਿੱਧੂ ਪਾਸ ਹੋਇਆ***

## 9. ਮੁੱਖ ਕਾਰਜਕਾਰੀ ਅਫ਼ਸਰ ਦੀ ਰਿਪੋਰਟ

ਸ਼੍ਰੀਮਤੀ ਜੈਸੀ ਕੌਰ ਸਿੱਧੂ ਨੇ ਆਪਣੀ ਰਿਪੋਰਟ ਵਿਚ 2021 ਦੇ ਨਤੀਜੇ ਸਾਂਝੇ ਕੀਤੇ ਅਤੇ ਪਿਛਲੇ ਸਾਲ ਦੇ ਫ਼ੋਕਸ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਅਸੀਂ ਜੋ ਵੀ ਫ਼ੈਸਲੇ ਕਰਦੇ ਹਾਂ ਉਹ ਤੁਹਾਨੂੰ ਸਾਹਮਣੇ ਰੱਖ ਕੇ ਕਰਦੇ ਹਾਂ। ਸਾਨੂੰ ਇਸ ਗਲ ਦਾ ਮਾਣ ਹੈ ਕਿ ਤੁਸੀਂ ਸਾਡੇ ਤੇ ਭਰੋਸਾ ਕਰ ਕੇ ਸਾਨੂੰ ਆਪਣੀ ਮੁੱਖ ਵਿੱਤੀ ਸੰਸਥਾ ਚੁਣਿਆ ਹੈ ਅਤੇ ਅਸੀਂ ਤੁਹਾਡੇ ਪ੍ਰਤੀ ਆਪਣੀ ਵਚਨਬੱਧਤਾ ਦਾ ਪ੍ਰਦਰਸ਼ਨ ਕਰਨਾ ਜਾਰੀ ਰੱਖਾਂਗੇ।

ਸ਼੍ਰੀਮਤੀ ਸਿੱਧੂ ਨੇ ਹੋਰ ਦੱਸਿਆ ਕਿ ਸਾਡੇ ਵਿੱਤੀ ਨਤੀਜਿਆਂ ਦੇ ਤਹਿਤ ਸਾਲਾਨਾ ਰਿਪੋਰਟ ਵਿਚ, ਅਸੀਂ ਇੱਕ ਚਾਰਟ ਸਾਂਝਾ ਕੀਤਾ ਹੈ ਜੋ ਵਿੱਤੀ ਅਤੇ ਮੈਂਬਰਾਂ ਵਿਚ ਵਾਧੇ ਦੇ ਰੁਝਾਨ ਨੂੰ ਦਰਸਾਉਂਦਾ ਹੈ। ਉਨ੍ਹਾਂ ਦੱਸਿਆ ਕਿ ਕੋਵਿਡ-19 ਅਤੇ ਹੋਰ ਵਿੱਤੀ ਦਬਾਅ ਜਿਵੇਂ ਕਿ ਬਹੁਤ ਮਹਿੰਗਾਈ ਦੇ ਬਾਵਜੂਦ,

ਪਿਛਲੇ 5 ਸਾਲਾਂ ਦੌਰਾਨ ਅਸੀਂ ਪ੍ਰਭਾਵਸ਼ਾਲੀ ਵਾਧਾ ਦੇਖਿਆ ਹੈ। ਸਾਡੀ ਕੁੱਲ ਸੰਪਤੀ ਵਿਚ 2017 ਤੋਂ ਕਾਫ਼ੀ ਵਾਧਾ ਹੋਇਆ ਹੈ ਅਤੇ ਵਾਧੇ ਦੀ ਦਰ 2021 ਵਿਚ 13% ਤੋਂ ਵੀ ਵੱਧ ਹੈ। ਇਹ ਨਤੀਜੇ ਮੁਸੀਬਤਾਂ ਦੇ ਸਾਹਮਣੇ ਸਾਡੀ ਸੰਸਥਾ ਦਾ ਲਚਕੀਲਾਪਣ ਅਤੇ ਦ੍ਰਿੜ੍ਹਤਾ ਨੂੰ ਦਰਸਾਉਂਦੇ ਹਨ। ਸਾਡੀ ਸੰਪਤੀ ਅੱਜ ਦੀ ਮਾਰਕੀਟ ਵਿਚ ਸਾਡੀ ਸਾਰਥਿਕਤਾ ਨੂੰ ਦਰਸਾਉਂਦੀ ਹੈ, ਜਦ ਕਿ ਅਸੀਂ ਆਪਣੇ ਮੈਂਬਰਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਕੰਮ ਕਰਦੇ ਹਾਂ ਸਾਡੇ ਮੈਂਬਰ ਆਪ ਵੀ ਸਾਡੇ ਵਿਚ ਹੋਰ ਨਿਵੇਸ਼ ਕਰਦੇ ਹਨ ਅਤੇ ਹੋਰਨਾਂ ਨੂੰ ਵੀ ਨਿਵੇਸ਼ ਕਰਨ ਲਈ ਪ੍ਰੇਰਦੇ ਹਨ। ਇਸ ਤਰ੍ਹਾਂ ਅਸੀਂ ਵਿੱਤੀ ਤੌਰ ਤੇ ਪ੍ਰਫੁਲਿਤ ਹੀ ਨਹੀਂ ਹੁੰਦੇ ਬਲਕਿ ਸਿੱਖ ਕਦਰਾਂ ਕੀਮਤਾਂ ਵਿਚ ਆਪਣੀ ਦ੍ਰਿੜ੍ਹਤਾ ਬਣਾਈ ਰੱਖਦੇ ਹਾਂ।

ਉਨ੍ਹਾਂ ਨੇ ਦੱਸਿਆ ਕਿ ਸਾਡੀ ਕਮਾਈ ਵਿਚ ਵਾਧਾ ਹੋਇਆ ਹੈ, ਇਹ ਸਾਡੀ ਸੰਸਥਾ ਦਾ ਫ਼ਾਇਦੇਮੰਦ ਹੋਣਾ ਦਰਸਾਉਂਦਾ ਹੈ ਅਤੇ ਹੋਰ ਜ਼ਿਆਦਾ ਮੈਂਬਰਾਂ ਨੂੰ ਖ਼ਾਲਸਾ ਕਰੈਡਿਟ ਯੂਨੀਅਨ ਵਿਚ ਸ਼ਾਮਲ ਹੋਣ ਲਈ ਆਕਰਸ਼ਿਤ ਕਰਦਾ ਹੈ। ਇਹ ਸਾਡੇ ਖ਼ਰਚਿਆਂ ਦਾ ਕੁਸ਼ਲ ਪ੍ਰਬੰਧ ਅਤੇ ਜ਼ਿਆਦਾ ਵਾਲਿਊਮ ਰਾਹੀਂ ਮਾਲੀਏ ਦੇ ਵਿਸਤਾਰ ਜਾਂ ਨਵੇਂ ਮਾਲੀਏ ਲਈ ਧਾਰਾਵਾਂ ਦੀ ਚੋਣ ਦਰਸਾਉਂਦਾ ਹੈ। ਆਪਣੀ ਕਮਾਈ ਵਿਚ ਵਾਧਾ ਸਾਨੂੰ ਭਵਿੱਖ ਦੀ ਟੈਕਨਾਲੋਜੀ ਵਿਚ ਨਿਵੇਸ਼ ਅਤੇ ਨਵੇਂ ਪ੍ਰੋਡਕਟ ਅਤੇ ਸੇਵਾਵਾਂ ਪੇਸ਼ ਕਰਨ ਯੋਗ ਬਣਾਉਂਦਾ ਹੈ।

ਉਨ੍ਹਾਂ ਨੇ ਦੱਸਿਆ ਕਿ ਸਿੱਖ ਧਰਮ ਦੀ ਸਿੱਖਿਆ ਤੇ ਅਧਾਰਿਤ ਕਰੈਡਿਟ ਯੂਨੀਅਨ ਵਜੋਂ ਸਾਡੀ ਭਾਈਚਾਰੇ ਵਿਚ 'ਸੇਵਾ' ਅਤੇ ਕਈ ਯੋਗ ਕੰਮਾਂ, ਸਰਗਰਮੀਆਂ ਅਤੇ ਲੋਕਾਂ ਦੀ ਸਹਾਇਤਾ ਲਈ ਸ਼ਮੂਲੀਅਤ ਰਹੀ ਹੈ। ਅਸੀਂ ਸਕਾਲਰਸ਼ਿਪ ਅਤੇ ਬਰਸਰੀਜ਼ ਦੇ ਪ੍ਰੋਗਰਾਮ ਵਿਚ 31 ਯੋਗ ਵਿਦਿਆਰਥੀਆਂ ਨੂੰ $55000 ਮੁਹੱਈਆ ਕਰਵਾਏ। 2021 ਦੌਰਾਨ ਸਰੀ, ਵੈਨਕੂਵਰ ਅਤੇ ਫ਼ਰੇਜ਼ਰ ਵੈਲੀ ਦੇ 30 ਭਾਈਚਾਰਕ ਪ੍ਰਾਜੈਕਟਾਂ ਅਤੇ ਇਸ ਤੋਂ ਇਲਾਵਾ ਸਿੱਖ ਧਰਮ ਦੀਆਂ ਕਦਰਾਂ ਕੀਮਤਾਂ ਅਨੁਸਾਰ ਹੋਰ ਭਾਈਚਾਰਿਆਂ ਲਈ $425,000 ਤੋਂ ਜ਼ਿਆਦਾ ਦਾ ਦਾਨ ਦਿੱਤਾ। ਅਸੀਂ ਜਾਣਦੇ ਹਾਂ ਕਿ ਜਿਨ੍ਹਾਂ ਭਾਈਚਾਰਿਆਂ ਵਿਚ ਸਾਡੇ ਮੈਂਬਰ ਰਹਿੰਦੇ, ਕੰਮ ਕਰਦੇ ਅਤੇ ਪੜ੍ਹਦੇ/ਸਿੱਖਦੇ ਹਨ ਉੱਥੇ ਯੋਗਦਾਨ ਪਾ ਕੇ ਅਸੀਂ ਸਿੱਧੇ ਤੌਰ ਤੇ ਆਪਣੇ ਮੈਂਬਰਾਂ, ਉਨ੍ਹਾਂ ਦੇ ਪਰੀਵਾਰਾਂ, ਦੋਸਤਾਂ ਅਤੇ ਗਵਾਂਢੀਆਂ ਦੀ ਸਹਾਇਤਾ ਕਰ ਰਹੇ ਹਾਂ।

ਉਨ੍ਹਾਂ ਕਿਹਾ ਕਿ ਮੈਨੂੰ ਵਿੱਤੀ ਸਾਲ 2021 ਵਿਚ ਕੁੱਝ ਕੁ ਪ੍ਰਾਜੈਕਟਾਂ ਦੀ ਸਹਾਇਤਾ ਦੀਆਂ ਮਿਸਾਲਾਂ ਸਾਂਝੀਆ ਕਰਨ ਦਾ ਮਾਨ ਹੈ:

- ਅਸੀਂ ਗੁਰੂ ਨਾਨਕ ਫ੍ਰੀ ਕਿਚਨ ਨਾਲ ਮਿਲ ਕੇ ਵੈਨਕੂਵਰ ਡਾਊਨ ਟਾਊਨ ਦੇ ਇਲਾਕੇ ਵਿਚ ਨਵੀਂ ਇਮਾਰਤ ਦੀ ਉਸਾਰੀ ਲਈ ਪੈਸੇ ਇਕੱਠੇ ਕੀਤੇ। ਸਾਡੇ ਮੈਂਬਰਾਂ ਅਤੇ ਦਾਨੀ ਭਾਈਚਾਰੇ ਨੇ $121,000 ਇਸ ਕਾਰਜ ਲਈ ਦਾਨ ਕੀਤੇ ਅਤੇ ਇਸ ਤੋਂ ਇਲਾਵਾ ਅਸੀਂ ਆਪਣੀ ਸੰਸਥਾ ਵੱਲੋਂ $100,000 ਇਸ ਮਨੁੱਖੀ ਕਾਰਜ ਲਈ ਦਾਨ ਕੀਤੇ।
- ਅਸੀਂ ਪਿਕਸ (PICS) ਨੂੰ ਗੁਰੂ ਨਾਨਕ ਡਾਈਵ**ਰ**ਸਿਟੀ ਵਿਲੇਜ ਲਈ $50,000 ਦਿੱਤੇ ਜਿੱਥੇ 125 ਬਿਸਤਰਿਆਂ ਵਾਲੀ 3 ਮੰਜ਼ਲਾ ਰਿਹਾਇਸ਼ੀ ਸੁਵਿਧਾ ਹੋਵੇਗੀ ਜੋ ਦੱਖਣੀ ਏਸ਼ੀਆਈ ਬਜ਼ੁਰਗਾਂ ਨੂੰ ਲੰਮੇ ਸਮੇਂ ਲਈ ਸਭਿਆਚਾਰ ਕੇਂਦਰਿਤ ਸਥਾਈ ਅਤੇ ਉਦੇਸ਼ਪੂਰਨ ਦੇਖਭਾਲ ਪ੍ਰਦਾਨ ਕਰੇਗੀ।
- ਅਸੀਂ ਸੈਫ਼ ਇੰਟਰਨੈਸ਼ਨਲ ਨਾਲ ਮਿਲ ਕੇ $36,000 ਤੱਕ ਦੇ ਫ਼ੰਡ ਮੈਚ ਕੀਤੇ ਜੋ ਫ਼ੰਡ ਹਿੰਦੁਸਤਾਨ ਵਿਚ ਭਾਇਚਾਰਿਆਂ ਨੂੰ ਸੁਰੱਖਿਅਤ ਘਰ ਮੁਹੱਈਆ ਕਰਵਾਉਣ ਵੱਲ ਜਾਂਦੇ ਹਨ।
- ਸਕੂਲਾਂ ਦੇ ਅਕਾਦਮਿਕ ਸਾਲ ਦੌਰਾਨ ਖ਼ਾਲਸਾ ਕਰੈਡਿਟ ਯੂਨੀਅਨ ਨੇ ਲੋਕਲ ਸਿੱਖ ਸਕੂਲਾਂ ਵਿਚ ਵਿੱਤੀ ਸਾਖਰਤਾ ਬਾਰੇ ਕੁੱਝ ਵਰਚੂਅਲ ਪੇਸ਼ਕਾਰੀਆਂ ਦੀ ਮੇਜ਼ਬਾਨੀ ਕੀਤੀ। ਇਹ ਸੈਸ਼ਨ ਜੂਨੀਅਰ ਅਚੀਵਮੈਂਟ ਨਾਲ ਮਿਲ ਕੇ ਕੀਤੇ ਗਏ ਅਤੇ ਇਨ੍ਹਾਂ ਵਿਚ ਬਜਟ ਅਤੇ ਬੱਚਤ ਵਰਗੇ ਵਿਸ਼ੇ ਸ਼ਾਮਲ ਕੀਤੇ ਗਏ।
- ਹੈਲੀਫੈਕਸ ਦੀ ਮੈਰੀਟਾਈਮ ਸਿੱਖ ਸੁਸਾਇਟੀ ਨੂੰ ਗੁਰਦੁਆਰੇ ਨੂੰ ਵਧਾਉਣ ਅਤੇ ਨਵੀਂ ਇਮਾਰਤ ਦੀ ਉਸਾਰੀ ਲਈ $25,000 ਦਾ ਯੋਗਦਾਨ ਪਾਇਆ। ਸੁਸਾਇਟੀ ਦੇ ਮੈਂਬਰ ਸਾਡੇ ਸਰੀ ਵਾਲੇ ਦਫ਼ਤਰ ਵਿਚ ਆਏ ਅਤੇ ਸਾਡੀ ਟੀਮ ਦੇ ਕੁੱਝ ਮੈਂਬਰਾਂ ਨੂੰ ਵੀ ਮਿਲੇ।
- ਅਸੀਂ ਐਂਗੇਜਡ ਕਮਿਊਨਟੀਜ਼ ਕੈਨੇਡਾ ਸੁਸਾਇਟੀ (Engaged Communities Canada Society) ਨੂੰ ਵੀ $25,000 ਦਾਨ ਵਜੋਂ ਦਿੱਤੇ। ਇਹ ਸੰਸਥਾ ਦਾ ਨਿਸ਼ਾਨਾ ਬ੍ਰਿਟਿਸ਼ ਕੋਲੰਬੀਆ ਦੇ ਲੋਅਰ ਮੇਨ ਲੈਂਡ ਇਲਾਕੇ ਦੀਆਂ ਘੱਟ ਸੇਵਾਵਾਂ ਪ੍ਰਾਪਤ ਭਾਈਚਾਰਿਆਂ ਦੀਆਂ ਪੇਚੀਦਾ ਸਿਹਤ ਸੇਵਾਵਾਂ ਵਿਚ ਪਏ ਪਾੜੇ ਦਾ ਮੁਲਾਂਕਣ ਕਰਨਾ ਅਤੇ ਯੋਗ ਹੱਲ ਕਰਨਾ ਹੈ।

ਸ਼੍ਰੀਮਤੀ ਸਿੱਧੂ ਨੇ ਦੱਸਿਆ ਕਿ ਅਸੀਂ ਕਰਮਚਾਰੀਆਂ ਦੀ ਕਦਰ, ਸਾਡੀ ਲੀਡਰਸ਼ਿਪ ਟੀਮ ਦੀ ਸਮਰਪਣ ਦੀ ਭਾਵਨਾ ਅਤੇ ਕਰਮਚਾਰੀਆਂ ਦੀ ਸਖ਼ਤ ਅਤੇ ਅਣਥੱਕ ਮਿਹਨਤ ਕਰਕੇ ਹੀ ਇਹ ਨਤੀਜੇ ਸੰਭਵ ਹੋਏ ਹਨ। ਇਸ ਟੀਮ ਦੇ ਕਈ ਮੈਂਬਰਾਂ ਨੂੰ ਤੁਸੀਂ ਹਮੇਸ਼ਾ ਬਰਾਂਚਾਂ ਵਿਚ ਦੇਖਦੇ ਹੋ ਅਤੇ ਕਈ ਪਰਦੇ ਪਿੱਛੇ ਸਖ਼ਤ ਕੰਮ ਰਾਹੀਂ ਸਹਾਇਤਾ ਕਰਦੇ ਹਨ ਤਾਂਕਿ ਮੈਂਬਰਾਂ ਦੀ ਉਮੀਦ ਤੋਂ ਵੱਧ ਪੂਰਾ ਉੱਤਰ ਸਕਣ।

ਉਨ੍ਹਾਂ ਨੇ ਖ਼ਾਲਸਾ ਕਰੈਡਿਟ ਯੂਨੀਅਨ ਦੇ ਕਰਮਚਾਰੀਆਂ ਦੀ ਲਗਾਤਾਰ ਸਖ਼ਤ ਮਿਹਨਤ ਵਾਲੇ ਸਹਿਯੋਗ ਦੀ ਸਿਫ਼ਤ ਕੀਤੀ ਅਤੇ ਕਿਹਾ ਕਿ ਭਵਿੱਖ ਵਿਚ ਵੀ ਇਨ੍ਹਾਂ ਵਿਅਕਤੀਆਂ ਦੇ ਸਹਿਯੋਗ ਨਾਲ ਅਸੀਂ 2022 ਦੇ ਯਤਨਾਂ ਨੂੰ ਪੂਰਾ ਕਰ ਸਕਾਂਗੇ। ਸ਼੍ਰੀਮਤੀ ਸਿੱਧੂ ਨੇ ਕਿਹਾ ਕਿ ਬੇਸ਼ੱਕ 2021 ਦੀਆਂ ਪ੍ਰਾਪਤੀਆਂ ਦੀ ਪਹਿਚਾਣ ਕਰਨੀ ਬੜੀ ਮਹੱਤਵਪੂਰਨ ਹੈ ਅਸੀਂ ਇਹ ਨਹੀਂ ਭੁੱਲੇ ਕਿ ਅਸੀਂ ਖ਼ਾਲਸਾ ਕਰੈਡਿਟ ਯੂਨੀਅਨ ਵਿਚ ਲਗਾਤਾਰ ਸੁਧਾਰ ਨਾਲ ਤੁਹਾਡੀ ਜ਼ਿੰਦਗੀ ਦੀਆਂ ਬਦਲ ਰਹੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਲਗਾਤਾਰ ਕੰਮ ਜਾਰੀ ਰੱਖਣਾ ਹੈ।

ਅਸੀਂ ਆਪਣੀ ਟੀਮ ਦੀਆਂ ਸਮਰੱਥਾਵਾਂ ਨੂੰ ਧਿਆਨ ਵਿਚ ਰੱਖਦੇ ਹੋਏ ਤੁਹਾਡੇ ਲਈ ਨਿਜੀ ਅਤੇ ਵਪਾਰਕ ਵਿੱਤੀ ਸੇਵਾਵਾਂ ਤੱਕ ਪਹੁੰਚ ਨੂੰ ਆਸਾਨ ਬਣਾਉਣ ਲਈ ਆਪਣੇ ਸਰੋਤਾਂ ਨੂੰ ਸਮਰਪਿਤ ਕਰਾਂਗੇ। ਜਿਵੇਂ ਪਹਿਲਾਂ ਕਿਹਾ ਹੈ ਕਿ ਨਵੀਂ ਟੈਕਨਾਲੋਜੀ ਅਤੇ ਡਿਜੀਟਲ ਸੇਵਾਵਾਂ ਨੂੰ ਲਾਗੂ ਕਰਨਾ ਸਾਡੀ ਟੀਮ ਦਾ ਮੁੱਖ ਨਿਸ਼ਾਨਾ ਹੋਵੇਗਾ।

ਸਾਡੀ 2021 ਦੀ ਰਿਪੋਰਟ ਦਾ ਸਿਰਲੇਖ "ਸਾਡਾ ਭਾਈਚਾਰਾ ਤਰੱਕੀ ਦੇ ਰਾਹ ਤੇ" ਹੈ ਜਿਸ ਦੇ ਨਤੀਜੇ ਅੱਜ ਪੇਸ਼ ਕਰਨ ਦਾ ਮੈਨੂੰ ਮਾਨ ਪ੍ਰਾਪਤ ਹੋਇਆ ਹੈ। ਅੰਤ ਵਿਚ ਸ਼੍ਰੀਮਤੀ ਸਿੱਧੂ ਨੇ ਖ਼ਾਲਸਾ ਕਰੈਡਿਟ ਯੂਨੀਅਨ ਦੇ ਕਰਮਚਾਰੀਆਂ ਦੀ ਸਮਰਪਣ ਭਾਵਨਾ ਅਤੇ **ਖਾਲਸਾ ਕਰੈਡਿਟ** ਯੂਨੀਅਨ ਦੇ ਵਿਸ਼ਵਾਸਾਂ ਅਤੇ ਕਦਰਾਂ ਕੀਮਤਾਂ ਲਈ ਵਚਨਬੱਧਤਾ ਲਈ ਧੰਨਵਾਦ ਕੀਤਾ ਅਤੇ ਨਾਲ ਹੀ ਸਾਰੇ ਮੈਂਬਰਾਂ ਦੀ ਵੀ ਖ਼ਾਲਸਾ ਕਰੈਡਿਟ ਯੂਨੀਅਨ ਲਈ ਲਗਾਤਾਰ ਸਹਾਇਤਾ ਅਤੇ ਸਹਿਯੋਗ ਲਈ ਵੀ ਧੰਨਵਾਦ ਕੀਤਾ।

ਸ਼੍ਰੀਮਤੀ ਸਿੱਧੂ ਨੇ ਅਗਲੀ ਕਾਰਵਾਈ ਲਈ ਮੀਟਿੰਗ ਨੂੰ ਬੋਰਡ ਚੇਅਰ ਦੇ ਹਵਾਲੇ ਕਰ ਦਿੱਤਾ।

***ਪੇਸ਼ ਕੀਤਾ ਮਿਸ ਦਵਿੰਦਰ ਕੌਰ ਤਾਈਦ ਕੀਤੀ ਸ਼੍ਰੀਮਤੀ ਹਰਲਵਲੀਨ ਕੌਰ ਢਿੱਲੋਂ ਪਾਸ ਹੋਇਆ***

10. <u>ਬਾਹਰਲੇ ਆਡੀਟਰ ਦੀ ਰਿਪੋਰਟ</u>

ਇਹ ਰਿਪੋਰਟ of Ernst & Young LLP ਕੈਨੇਡਾ ਦੇ ਚਾਰਟਰਡ ਅਕਾਊਂਟੈਂਟਾਂ ਮਿਸਟਰ ਈਅਨ ਸਕਾਟ ਨੇ ਪੇਸ਼ ਕੀਤੀ ਅਤੇ ਕਿਹਾ ਕਿ ਮੈਂਬਰਾਂ ਨੂੰ ਸੰਖੇਪ ਕੀਤੀ ਪੂਰੀ ਵਿੱਤੀ ਰਿਪੋਰਟ ਮਿਲ ਚੁੱਕੀ ਹੈ ਜਿਸ ਵਿਚ ਪੂਰੇ ਵਿੱਤੀ ਬਿਆਨਾਂ ਦੇ ਅਧਾਰ ਤੇ ਸਾਡੀ ਰਾਏ ਸ਼ਾਮਲ ਹੈ। ਵਿੱਤੀ ਬਿਆਨ ਮੈਨੇਜਮੈਂਟ ਦੀ ਜ਼ਿੰਮੇਵਾਰੀ ਹੈ ਅਤੇ ਅਸੀਂ ਆਪਣੀ ਰਾਏ ਪੇਸ਼ ਕਰਦੇ ਹੋਏ ਇਹ ਸਮਝਦੇ ਹਾਂ ਕਿ ਇਹ ਰਿਪੋਰਟ IFRS ਦੇ ਮਾਪਦੰਡਾਂ ਦੇ ਅਧਾਰ ਤੇ ਕੰਮਾਂ ਦੀ ਵਿੱਤੀ ਪੁਜ਼ੀਸ਼ਨ ਅਤੇ ਨਤੀਜੇ ਪੇਸ਼ ਕੀਤੇ ਹਨ। ਅਸੀਂ 31 ਦਸੰਬਰ 2021 ਨੂੰ ਖ਼ਤਮ ਹੋਣ ਵਾਲੇ ਸਾਲ ਬਾਰੇ ਆਪਣੀ ਅਣਸੋਧੀ ਰਾਏ ਵਿੱਤੀ ਬਿਆਨਾਂ ਬਾਰੇ ਦਿੱਤੀ ਹੈ।

2021 ਦੀ ਵਿੱਤੀ ਸਟੇਟਮੈਂਟ ਅਤੇ ਆਡੀਟਰ ਦੀ ਰਿਪੋਰਟ ਮਿਲੀ ਅਤੇ ਪ੍ਰਵਾਨ ਹੋਈ।

***ਪੇਸ਼ ਕੀਤੀ ਸ਼੍ਰੀਮਤੀ ਬਲਜਿੰਦਰ ਕੌਰ ਬਰਾੜ ਤਾਈਦ ਕੀਤੀ ਮਿਸ ਦਵਿੰਦਰ ਕੌਰ ਪਾਸ ਹੋਈ***

2022 ਲਈ ਐਡੀਟਰਾਂ ਦੀ ਨਿਯੁਕਤੀ ਲਈ ਬੋਰਡ ਚੇਅਰ ਸ: ਜਗਪਾਲ ਸਿੰਘ ਸੰਧੂ ਨੇ ਹੇਠ ਲਿਖਿਆ ਮਤਾ ਬੋਰਡ ਵੱਲੋਂ ਪੇਸ਼ ਕੀਤਾ।

***"ਇਹ ਮਤਾ ਪਾਸ ਕੀਤਾ ਜਾਏ ਬੀ.ਡੀ.ਓ. ਕੈਨੇਡਾ ਐੱਲ.ਐੱਲ.ਪੀ. ਚਾਰਟਰਡ ਪ੍ਰੋਫੈਸ਼ਨਲ ਅਕਾਊਂਟੈਂਟਾਂ ਨੂੰ ਸਾਲ 2022 ਲਈ ਬਾਹਰਲਾ ਆਡੀਟਰ ਨਿਯੁਕਤ ਕੀਤਾ ਜਾਏ ਅਤੇ ਬੋਰਡ ਦੇ ਡਾਇਰੈਕਟਰਾਂ ਨੂੰ ਇਨ੍ਹਾਂ ਦਾ ਮਿਹਨਤਾਨਾ ਨਿਰਧਾਰਿਤ ਕਰਨ ਲਈ ਅਧਿਕਾਰ ਦਿੱਤੇ ਜਾਣ"।***

***ਪੇਸ਼ ਕੀਤਾ ਸ: ਸੁਖਵਿੰਦਰ ਸਿੰਘ ਪੁਰੇਵਾਲ ਤਾਈਦ ਕੀਤੀ ਮਿਸ ਗੁਰਵਿੰਦਰ ਕੌਰ ਚੈਹਲ ਪਾਸ ਹੋਇਆ***

ਸ:ਜਗਪਾਲ ਸਿੰਘ ਸੰਧੂ ਨੇ ਅਗਲੀ ਕਾਰਵਾਈ ਲਈ ਮੀਟਿੰਗ ਸ਼੍ਰੀਮਤੀ ਗੁਰਮਿੰਦਰ ਕੌਰ ਮਲਿਕ ਨੂੰ ਸੌਂਪੀ।

11. <u>ਡਾਇਰੈਕਟਰਾਂ ਦੀ ਚੋਣ ਬਾਰੇ ਰਿਪੋਰਟ</u>

ਸ੍ਰੀਮਤੀ ਗੁਰਿੰਦਰ ਕੌਰ ਮਲਿਕ ਬੋਰਡ ਸੈਕਟਰੀ ਨੇ ਚੋਣ ਦੇ ਦਿਸ਼ਾ ਨਿਰਦੇਸ਼ਾਂ ਬਾਰੇ ਰਿਪੋਰਟ ਪੇਸ਼ ਕੀਤੀ। ਉਨ੍ਹਾਂ ਨੇ ਦੱਸਿਆ ਕਿ ਹੇਠ ਲਿਖੇ 2 ਡਾਇਰੈਕਟਰਾਂ ਦੀ ਨਿਯੁਕਤੀ ਪ੍ਰਸ਼ੰਸਾ ਕਰ ਕੇ ਕੀਤੀ ਗਈ:-

1. ਸ:ਜੋਗਾ ਸਿੰਘ ਸੰਘਾ
2. ਮਿਸ ਹਰਲੀਨ ਕੌਰ ਮਿਨਹਾਸ

ਉਨ੍ਹਾਂ ਨੇ ਦੱਸਿਆ ਕਿ ਸ: ਸੰਘਾ ਨੇ ਖ਼ਾਲਸਾ ਕਰੈਡਿਟ ਯੂਨੀਅਨ ਵਿਚ ਆਪਣਾ ਕਿੱਤਾ ਕਈ ਸਾਲ ਪਹਿਲਾਂ ਸ਼ੁਰੂ ਕੀਤਾ ਅਤੇ ਕਰੈਡਿਟ ਯੂਨੀਅਨ ਦੇ ਸਿਸਟਮ ਵਿਚ ਕੰਮ ਕੀਤਾ ਅਤੇ ਹਰਲੀਨ ਕੌਰ ਮਿਨਹਾਸ ਸੇਵ ਮੋਰ ਲਾਈਟਿੰਗ ਦੀ ਸੀ.ਈ.ਓ. ਹੈ ਅਤੇ SFU ਤੋਂ MBA ਕਰ ਰਹੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਸ: ਜਗਪਾਲ ਸਿੰਘ ਸੰਧੂ ਨੂੰ ਬੋਰਡ ਵਿਚ ਦੁਬਾਰਾ ਨਿਯੁਕਤ ਕੀਤਾ ਗਿਆ ਅਤੇ ਉਹ ਪੇਸ਼ਾਵਰ ਚਾਰਟਰਡ **ਪ੍ਰੋਫੈਸ਼ਨਲ** ਅਕਾਊਂਟੈਂਟ ਹਨ।
ਸ: ਜਗਪਾਲ ਸਿੰਘ ਸੰਧੂ ਨੇ ਸ: ਜੋਗਾ ਸਿੰਘ ਸੰਘਾ ਅਤੇ ਮਿਸ ਹਰਲੀਨ ਕੌਰ ਮਿਨਹਾਸ ਨੂੰ ਖ਼ਾਲਸਾ ਕਰੈਡਿਟ ਯੂਨੀਅਨ ਦੇ ਡਾਇਰੈਕਟਰ ਵਜੋਂ ਸਵਾਗਤ ਕੀਤਾ।

ਸ: ਸੰਧੂ ਨੇ ਸ: ਜਸਵਿੰਦਰ ਸਿੰਘ ਗਿੱਲ ਅਤੇ ਸ: ਦਲਜੀਤ ਸਿੰਘ ਸਿੱਧੂ ਦਾ ਬੋਰਡ ਅਤੇ ਖ਼ਾਲਸਾ ਕਰੈਡਿਟ ਯੂਨੀਅਨ ਵੱਲੋਂ ਉਨ੍ਹਾਂ ਦੀਆਂ 12 ਸਾਲ ਦੀਆਂ ਸੇਵਾਵਾਂ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਅਸੀਂ ਉਨ੍ਹਾਂ ਦੀ ਵਿਲੱਖਣ ਸੋਚ, ਸ਼ਕਤੀ ਅਤੇ ਉਨ੍ਹਾਂ ਨੇ ਖ਼ਾਲਸਾ ਕਰੈਡਿਟ ਯੂਨੀਅਨ ਅਤੇ ਮੈਂਬਰਾਂ ਲਈ ਜੋ ਕੰਮ ਕੀਤੇ ਉਸ ਲਈ ਉਨ੍ਹਾਂ ਦੀ ਯਾਦ ਬਣੀ ਰਹੇਗੀ। ਅਸੀਂ ਉਨ੍ਹਾਂ ਵੱਲੋਂ ਖ਼ਾਲਸਾ ਕਰੈਡਿਟ ਯੂਨੀਅਨ ਦੀ ਲਗਾਤਾਰ ਸਹਾਇਤਾ ਦੀ ਕਾਮਨਾ ਕਰਦੇ ਹਾਂ।

12. **ਨਾਮੀਨੇਟਿੰਗ ਕਮੇਟੀ ਦੀ ਚੋਣ**

ਸ: ਜਗਪਾਲ ਸਿੰਘ ਸੰਧੂ ਨੇ ਹਾਜ਼ਰ ਮੈਂਬਰਾਂ ਤੋਂ ਨਾਮੀਨੇਟਿੰਗ ਕਮੇਟੀ ਲਈ ਨਾਮਜ਼ਦਗੀਆਂ ਦੀ ਮੰਗ ਕੀਤੀ ਅਤੇ ਕਿਹਾ ਕਿ ਨਾਮੀਨੇਟਿੰਗ ਕਮੇਟੀ ਦੇ ਮੈਂਬਰਾਂ ਦੀ ਯੋਗਤਾ ਡਾਇਰੈਕਟਰਾਂ ਵਰਗੀ ਹੀ ਹੈ ਜਿਵੇਂ ਕਿ ਅੰਮ੍ਰਿਤਧਾਰੀ ਹੋਣਾ, ਰਹਿਤ ਮਰਯਾਦਾ ਦੀ ਪਾਲਨਾ ਕਰਨਾ, **ਫੀ** ਐਕਟ ਦਾ ਗਿਆਨ, ਬੈਂਕਰਪਟ ਨਹੀਂ ਹੋਣਾ ਚਾਹੀਦਾ, ਅਤੇ ਕੋਈ ਅਪਰਾਧਿਕ ਰਿਕਾਰਡ ਨਹੀਂ ਹੋਣਾ ਚਾਹੀਦਾ। ਉਨ੍ਹਾਂ ਕਿਹਾ ਕਿ ਅੱਜ ਮੈਂਬਰਸ਼ਿਪ ਵਿਚੋਂ 2 ਨਾਮ ਚੁਣੇ ਜਾਣਗੇ।ਉਨ੍ਹਾਂ ਨੇ ਨਾਮੀਨੇਸ਼ਨ ਕਮੇਟੀ ਲਈ ਨਾਵਾਂ ਦੀ ਮੰਗ ਕੀਤੀ। ਨਾਮੀਨੇਸ਼ਨ ਕਮੇਟੀ ਲਈ ਹੇਠ ਲਿਖੇ ਨਾਮ ਪ੍ਰਾਪਤ ਹੋਏ:-

ਸ: ਜਸਵਿੰਦਰ ਸਿੰਘ ਗਿੱਲ , ਸ: ਜਰਨੈਲ ਸਿੰਘ ਰਾਏ, ਅਤੇ ਸ: ਸਤਵੰਤ ਸਿੰਘ ਸੰਧੂ ਦੇ ਨਾਵਾਂ ਦੀ ਫਲੋਰ ਵੱਲੋਂ ਸਿਫ਼ਾਰਸ਼ ਹੋਈ।

ਸ: ਸੰਧੂ ਨੇ ਕਿਹਾ ਕਿ ਕਿਉਂਕਿ ਅਸੀਂ 2 ਮੈਂਬਰ ਚੁਣਨੇ ਹਨ ਇਸ ਲਈ ਵੋਟਾਂ ਪਾਉਣ ਦੀ ਜ਼ਰੂਰਤ ਹੋਵੇਗੀ।
ਉਨ੍ਹਾਂ ਨੇ ਨਾਮੀਨੇਸ਼ਨ ਲਈ ਪੋਲਿੰਗ ਲਈ ਬੰਦੋਬਸਤ ਕਰਨ ਲਈ ਕਿਹਾ

ਉਨ੍ਹਾਂ ਪੁੱਛਿਆ ਕਿ ਕੀ ਨਾਮਜ਼ਦ ਮੈਂਬਰ ਨਾਮੀਨੇਸ਼ਨ ਪ੍ਰਵਾਨ ਕਰਦੇ ਹਨ
ਸ: ਜਰਨੈਲ ਸਿੰਘ ਰਾਏ ਨੇ ਨਾਮੀਨੇਸ਼ਨ ਪ੍ਰਵਾਨ ਕੀਤੀ
ਸ: ਜਸਵਿੰਦਰ ਸਿੰਘ ਗਿੱਲ ਨੇ ਨਾਮੀਨੇਸ਼ਨ ਪ੍ਰਵਾਨ ਨਹੀਂ ਕੀਤੀ
ਸ: ਸਤਵੰਤ ਸਿੰਘ ਸੰਧੂ ਨੇ ਨਾਮੀਨੇਸ਼ਨ ਪ੍ਰਵਾਨ ਕੀਤੀ
ਸ: ਜਰਨੈਲ ਸਿੰਘ ਰਾਏ ਅਤੇ ਸ: ਸਤਵੰਤ ਸਿੰਘ ਸੰਧੂ ਨੂੰ 2 ਸਾਲਾਂ 2022 ਅਤੇ 2023 ਦੀ ਟੀਮ ਲਈ ਨਾਮੀਨੇਟਿੰਗ ਕਮੇਟੀ ਦਾ ਮੈਂਬਰ ਚੁਣਿਆ ਗਿਆ।

13. **ਅਧੂਰਾ ਕਾਰੋਬਾਰ**

ਕੁੱਝ ਨਹੀਂ

14. **ਨਵਾਂ ਕਾਰੋਬਾਰ**

ਕੁੱਝ ਨਹੀਂ

ਆਮ ਸਵਾਲ

1. ਸ: ਸਤਵੰਤ ਸਿੰਘ ਸੰਧੂ ਨੇ ਪੁੱਛਿਆ ਕਿ ਕੀ ਅਸੀਂ rule Clause 4.24A & B ਦੀ ਪਾਲਨਾ ਕਰਦੇ ਹਾਂ

   ਸ: ਜਗਪਾਲ ਸਿੰਘ ਸੰਧੂ ਨੇ ਜਵਾਬ ਦਿੱਤਾ ਕਿ ਸਵਾਲ ਵਿਚ ਸ: ਜਸਵਿੰਦਰ ਸਿੰਘ ਗਿੱਲ ਨੂੰ ਅਸਲ ਵਿਚ ਨਾਮੀਨੇਟਿੰਗ ਕਮੇਟੀ ਵਿਚ ਨਿਯੁਕਤ ਨਹੀਂ ਸੀ ਕੀਤਾ ਗਿਆ। ਇਸ ਲਈ ਮੈਂਬਰ ਆਪਣੀਆਂ ਡਿਊਟੀਆਂ ਨਹੀਂ ਸੀ ਨਿਭਾ ਸਕਦਾ। ਜਿਸ ਦੇ ਨਤੀਜੇ ਵਜੋਂ, ਸ: ਗਿੱਲ ਸੇਵਾ ਕਰਨ ਲਈ ਰਾਜ਼ੀ ਸਨ ਇਸ ਲਈ ਉਨ੍ਹਾਂ ਨੂੰ ਨਿਯੁਕਤ ਕੀਤਾ ਗਿਆ ਸੀ ਅਤੇ ਕਿਉਂਕਿ ਉਨ੍ਹਾਂ ਨੂੰ ਨਿਯੁਕਤ ਕੀਤਾ ਗਿਆ ਸੀ ਇਸ ਲਈ ਉਨ੍ਹਾਂ ਨੂੰ ਦੁਬਾਰਾ ਚੋਣ ਲਈ ਨਹੀਂ ਕਿਹਾ ਗਿਆ। ਇਸ ਲਈ ਨਵੇਂ ਡਾਇਰੈਕਟਰ ਦੀ ਚੋਣ ਲਈ ਉਨ੍ਹਾਂ ਦੇ ਹਿਤਾਂ ਦਾ ਕੋਈ ਟਕਰਾਅ ਨਹੀਂ ਇਹ ਉਨ੍ਹਾਂ ਦਾ ਤਰਕ ਹੈ। ਇਸ ਹਾਲਤ ਵਿਚ ਇਹ ਨਹੀਂ ਸੀ ਹੋਣਾ ਚਾਹੀਦਾ। ਅਸੀਂ ਇਹ ਸੁਨਿਸ਼ਚਿਤ ਕਰਾਂਗੇ ਕਿ ਭਵਿੱਖ ਵਿਚ ਐਸਾ ਨਾ ਹੋਵੇ ਅਤੇ rule Clause 4.24A & B ਦੀ ਸ਼ਬਦਾਵਲੀ ਨੂੰ ਦੁਬਾਰਾ ਸੋਧਿਆ ਜਾਏ।

2. ਸ: ਅਵਤਾਰ ਸਿੰਘ ਰੰਧਾਵਾ ਨੇ ਪੁੱਛਿਆ ਕਈ ਮੈਂਬਰ ਸਾਲਾਨਾ ਜਨਰਲ ਮੀਟਿੰਗ ਪੰਜਾਬੀ ਵਿਚ ਸੁਣਨਾ ਚਾਹੁੰਦੇ ਹਨ ਕਿ ਕੀ ਇਹ ਸੰਭਵ ਹੈ ਭਵਿੱਖ ਵਿਚ ਇਹ ਮੀਟਿੰਗ ਪੰਜਾਬੀ ਵਿਚ ਹੋਵੇ?

   ਸ: ਜਗਪਾਲ ਸਿੰਘ ਸੰਧੂ ਨੇ ਜਵਾਬ ਦਿੱਤਾ ਕਿ ਜਿੱਥੇ ਹੋ ਸਕਦਾ ਹੈ ਅਸੀਂ ਪੰਜਾਬੀ ਵਿਚ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਕੁੱਝ ਲੋੜਾਂ ਪੂਰੀਆਂ ਕਰਨ ਲਈ ਸਾਨੂੰ ਇਹ ਮੀਟਿੰਗਾਂ ਅੰਗਰੇਜ਼ੀ ਵਿਚ ਕਰਨੀਆਂ ਪੈਂਦੀਆਂ ਹਨ ਕਿਉਂਕਿ ਇਨ੍ਹਾਂ ਦੇ ਮਿਨਟਸ ਲਿਖੇ ਜਾਂਦੇ ਹਨ ਅਤੇ ਉਹ ਸਾਰੇ ਪੰਜਾਬੀ ਵਿਚ ਕਰਨੇ ਔਖੇ ਹੁੰਦੇ ਹਨ।

3. **ਏ.** ਸ: ਜਸਵਿੰਦਰ ਸਿੰਘ ਬਦੇਸ਼ਾ ਨੇ ਪੁੱਛਿਆ ਕਿ ਖ਼ਾਲਸਾ ਕਰੈਡਿਟ ਯੂਨੀਅਨ ਦੇ ਇਸ ਸਮੇਂ ਕਿੰਨੇ ਸਰਗਰਮ ਮੈਂਬਰ ਹਨ?
   ਸ਼੍ਰੀਮਤੀ ਸਿੱਧੂ ਨੇ ਜਵਾਬ ਦਿੱਤਾ ਕਿ ਇਸ ਸਮੇਂ 20,000 ਤੋਂ ਵੱਧ ਸਰਗਰਮ ਮੈਂਬਰ ਹਨ।

   **ਬੀ.** ਕਿਰਪਾ ਕਰ ਕੇ ਦੱਸੋ ਕਿ ਮੈਂਬਰਾਂ ਦੇ ਜਮਾਂ ਖਾਤਿਆਂ ਕਿੰਨਾ ਵਾਧਾ ਹੋਇਆ ਅਤੇ ਇਨ੍ਹਾਂ ਤੇ ਵਿਆਜ ਦੀ ਦਰ ਕਿਉਂ ਘਟਾਈ ਗਈ?
   ਸ: ਚੁੱਘ ਨੇ ਜਵਾਬ ਦਿੱਤਾ ਕਿ ਵਿਆਜ ਦੀਆਂ ਦਰਾਂ ਘੱਟ ਇਸ ਲਈ ਸਨ ਕਿਉਂਕਿ ਡਿਮਾਂਡ ਡਿਪਾਜ਼ਿਟ ਦੀ ਮੰਗ ਜ਼ਿਆਦਾ ਸੀ ਅਤੇ ਮੈਂਬਰ ਜ਼ਿਆਦਾਤਰ ਪੈਸੇ ਚੈਕਿੰਗ ਅਤੇ ਸੇਵਿੰਗ ਖਾਤਿਆਂ ਵਿਚ ਰੱਖ ਰਹੇ ਸਨ। ਉਹ ਫ਼ਾਇਦੇ ਸਰਕਾਰ ਤੋਂ ਜਾਂ ਨਿਵੇਸ਼ਾਂ ਤੋਂ ਮਿਲਦੇ ਸਨ ਅਤੇ ਉਹ ਪੈਸੇ ਘੱਟ ਤੋਂ ਘੱਟ ਸਮੇਂ ਲਈ ਰੱਖਣਾ ਚਾਹੁੰਦੇ ਸਨ। ਅਸੀਂ ਵੀ ਇਹ ਮਹਿਸੂਸ ਕੀਤਾ ਕਿ ਆਮ ਖਾਤਿਆਂ ਤੇ ਵਿਆਜ ਲੰਮੇ ਸਮੇਂ ਲਈ ਜਮ੍ਹਾ ਕੀਤੇ ਪੈਸਿਆਂ ਨਾਲੋਂ ਕਾਫ਼ੀ ਘੱਟ ਹੈ।

   **ਸੀ.** ਵਿਆਜ ਬਹੁਤ ਘੱਟ ਦਿੱਤਾ ਗਿਆ ਇਸ ਦਾ ਕੀ ਕਾਰਨ ਹੈ?
   ਸ: ਚੁੱਘ ਨੇ ਜਵਾਬ ਦਿੱਤਾ ਕਿ ਇਸ ਦਾ ਕਾਰਨ ਹੈ ਕਿ ਜਮ੍ਹਾ **ਰਕਮ** ਖ਼ਾਲਸਾ ਕਰੈਡਿਟ ਯੂਨੀਅਨ ਕੋਲ ਜ਼ਿਆਦਾ ਲੰਮੇ ਸਮੇਂ ਲਈ ਨਹੀਂ ਰੱਖੀ ਗਈ। ਮੈਂਬਰ ਆਪਣੀ ਰਾਸ਼ੀ ਆਪਣੇ ਖ਼ਰਚੇ ਅਤੇ ਨਿਵੇਸ਼ ਲਈ ਹੀ ਜ਼ਿਆਦਾ ਰੱਖ ਰਹੇ ਹਨ। ਇਸ ਲਈ ਵਿਆਜ ਦਰ ਘੱਟ ਸੀ। ਇਸ ਦੇ ਨਾਲ ਹੀ ਕੋਵਿਡ ਦੌਰਾਨ **ਉ**ਧਾਰ ਤੇ ਵਿਆਜ ਵੀ ਬਹੁਤ ਘੱਟ ਸਨ ਅਤੇ ਜਮ੍ਹਾ **ਰਕਮ** ਤੇ ਵੀ ਵਿਆਜ ਬਹੁਤ ਘੱਟ ਦਿੱਤਾ ਗਿਆ।ਸਨ। ਸੀ।

   **ਡੀ.** ਕਿਰਪਾ ਕਰਕੇ 2021 ਵਿਚ ਕੀਤੇ ਦਾਨ ਦੇ ਵੇਰਵੇ ਦਿਓ?

   ਸ: ਜਗਪਾਲ ਸਿੰਘ ਸੰਧੂ ਨੇ ਜਵਾਬ ਦਿੱਤਾ ਕਿ ਇਹ ਜਾਣਕਾਰੀ ਮੁੱਖ ਕਾਰਜਕਾਰੀ ਅਫ਼ਸਰ ਅਤੇ ਬੋਰਡ ਚੇਅਰ ਦੀ ਰਿਪੋਰਟ **ਵਿਚ** ਦਿੱਤੀ ਗਈ ਹੈ ਜੇ ਤੁਹਾਡਾ ਕੋਈ ਹੋਰ ਸਵਾਲ ਹੈ ਤਾਂ ਤੁਸੀਂ ਕਿਸੇ ਸਮੇਂ ਵੀ ਪਹੁੰਚ ਕਰ ਸਕਦੇ ਹੋ।

   **ਈ.** ਕਿਰਪਾ ਕਰਕੇ ਹੋਰ ਵਿਆਪਕ ਘਾਟਿਆਂ ਬਾਰੇ ਜਾਣਕਾਰੀ ਦਿਓ ਅਤੇ ਕੈਸ਼ ਫ਼ਲੋ ਸਟੇਟਮੈਂਟ ਵਿਚ ਕਰੈਡਿਟ ਨੁਕਸਾਨ ਲਈ ਵਿਵਸਥਾ ਬਹੁਤ ਜ਼ਿਆਦਾ ਕਿਉਂ ਹੈ?

   ਸ: ਚੁੱਘ ਨੇ ਜਵਾਬ ਵਿਚ ਦੱਸਿਆ ਕਿ ਸਾਡਾ ਪੋਰਟ ਫੋਲਿਓ ਬਹੁਤ ਵਧਿਆ ਹੈ ਅਤੇ ਕਰਜ਼ੇ ਵੀ ਵਧੇ ਹਨ ਅਤੇ ਇਸੇ ਅਨੁਪਾਤ ਵਿਚ ਵੱਧ

ਨੁਕਸਾਨ ਦੀ ਵਿਵਸਥਾ ਕੀਤੀ ਗਈ ਹੈ। ਅਸੀਂ ਇੱਕ ਨਿਰਧਾਰਿਤ ਮਾਡਲ ਅਨੁਸਾਰ ਚਲਦੇ ਹਾਂ ਅਤੇ ਵੱਖ ਵੱਖ ਵਿਵਸਥਾਵਾਂ ਦੇ ਨੰਬਰਾਂ ਲਈ ਇਸ ਦੀ ਵਰਤੋਂ ਕਰਦੇ ਹਾਂ

**ਐੱਫ਼.** ਆਮਦਨ ਦੀ ਸਟੇਟਮੈਂਟ ਵਿਚ ਸੰਚਾਲਨ ਅਤੇ ਪ੍ਰਬੰਧਕੀ ਖ਼ਰਚੇ ਪਿਛਲੇ ਸਾਲ ਨਾਲੋਂ ਜ਼ਿਆਦਾ ਕਿਉਂ ਹਨ?

ਸ: ਚੁੱਘ ਨੇ ਜਵਾਬ ਦਿੱਤਾ ਕਿ ਖ਼ਰਚਿਆਂ ਵਿਚ ਸਭ ਕੁੱਝ ਸ਼ਾਮਲ ਹੁੰਦਾ ਹੈ ਜੋ ਖ਼ਾਲਸਾ ਕਰੈਡਿਟ ਯੂਨੀਅਨ ਨੂੰ ਚਲਾਉਣ ਲਈ ਕਰਨੇ ਪੈਂਦੇ ਹਨ। ਸਾਨੂੰ ਮਹਿੰਗਾਈ ਕਾਰਨ ਵਿਕ੍ਰੇਤਾਵਾਂ ਵੱਲੋਂ ਕਾਫ਼ੀ ਖਰਚਾ ਪਿਆ ਹੈ। ਇਹ ਰੁਝਾਨ ਸਿਰਫ਼ ਵਿੱਤੀ ਖੇਤਰ ਵਿਚ ਹੀ ਨਹੀਂ ਬਲਕਿ ਸਾਰੇ ਖੇਤਰਾਂ ਵਿਚ ਰਿਹਾ ਹੈ। ਇਹੀ ਰੁਝਾਨ ਸਾਡੇ ਖ਼ਰਚਿਆਂ ਵੀ ਵਿਚ ਹੈ।

**ਜੀ:** ਖ਼ਾਲਸਾ ਕਰੈਡਿਟ ਯੂਨੀਅਨ ਦੇ ਪ੍ਰਬੰਧਕਾਂ ਦਾ ਭਾਈਚਾਰੇ ਵਿਚੋਂ ਨਵੇਂ ਮੈਂਬਰ ਆਕਰਸ਼ਿਤ ਕਰਨ ਦਾ ਕੋਈ ਪਲੈਨ ਹੈ?

ਸ: ਸੰਧੂ ਨੇ ਜਵਾਬ ਵਿਚ ਕਿਹਾ ਕਿ ਇਹ ਇੱਕ ਲਗਾਤਾਰ ਕਾਰਵਾਈ ਹੈ ਕਿ ਅਸੀਂ ਨਵੇਂ ਮੈਂਬਰ ਆਕਰਸ਼ਿਤ ਕਰਨਾ ਚਾਹੁੰਦੇ ਹਾਂ ਅਤੇ ਤੁਸੀਂ ਇਹ ਵਾਧਾ ਦੇਖ ਰਹੇ ਹੋ।

**ਐੱਚ.** ਕੀ ਖ਼ਾਲਸਾ ਕਰੈਡਿਟ ਯੂਨੀਅਨ ਦੇ ਮੌਜੂਦਾ ਕਾਨੂੰਨ ਆਗਿਆ ਦਿੰਦੇ ਹਨ ਕਿ ਨਾਮੀਨੇਟ ਕੀਤੇ ਜਾਣ ਵਾਲੇ ਉਮੀਦਵਾਰਾਂ ਦੇ ਨਾਮ ਨਾਮੀਨੇਸ਼ਨ ਕਮੇਟੀ ਵੱਲੋਂ ਭੇਜੇ ਗਏ ਚੋਣ ਫ਼ਾਰਮਾਂ ਉੱਤੇ ਮੋਟੇ ਅੱਖਰਾਂ ਵਿਚ ਲਿਖੇ?

ਸ: ਸੰਧੂ ਨੇ ਜਵਾਬ ਦਿੱਤਾ ਕਿ ਕਾਨੂੰਨ **ਮਨ੍ਹਾਂ ਵੀ ਨਹੀ ਕਰਦਾ**

**ਆਈ.** ਨਾਮੀਨੇਸ਼ਨ ਕਮੇਟੀ ਦੇ ਕਾਨੂੰਨ ਬਾਰੇ ਪਹਿਲਾਂ ਪੁੱਛੇ ਗਏ ਸਵਾਲ ਦੇ ਸਪਸ਼ਟੀਕਰਨ ਲਈ।

ਸ: ਸੰਧੂ ਨੇ ਜਵਾਬ ਦਿੱਤਾ ਕਿ ਸ: ਸਤਵੰਤ ਸਿੰਘ ਸੰਧੂ ਵੱਲੋਂ ਉਠਾਏ ਗਏ ਸਵਾਲ ਦਾ ਕਾਨੂੰਨ 4.2 ਹੀ ਜਵਾਬ ਹੈ ਕਿਉਂਕਿ 4.2 ਕਾਨੂੰਨ 4.24 ਕਾਨੂੰਨ ਨੂੰ ਰੱਦ ਕਰਦਾ ਹੈ।

4. ਸ: ਸਤਵੰਤ ਸਿੰਘ ਸੰਧੂ ਨੇ ਸ਼੍ਰੀਮਤੀ ਜਸੀ ਕੌਰ ਸਿੱਧੂ ਨੂੰ ਪੁੱਛਿਆ– ਕੀ FINTRAC ਵੱਲੋਂ ਕੋਈ ਰੂਲ ਜਾਂ ਦਿਸ਼ਾ ਨਿਰਦੇਸ਼ ਹਨ ਕਿ ਰਾਸ਼ੀ ਜਮ੍ਹਾ ਕਰਵਾਉਣ ਸਮੇਂ ਕੋਈ ਸਵਾਲ ਪੁੱਛਿਆ ਜਾਏ?

   ਸ਼੍ਰੀਮਤੀ ਸਿੱਧੂ ਨੇ ਇਹ ਵਿਸ਼ਾ ਧਿਆਨ ਵਿਚ ਲਿਆਉਣ ਲਈ ਸ: ਸੰਧੂ ਦਾ ਧੰਨਵਾਦ ਕੀਤਾ। ਇਸ ਸਮੇਂ $10,000 ਜਮ੍ਹਾ ਕਰਵਾਉਣ ਦੀ ਸੀਮਾ ਹੈ। ਹੋਰ ਜਮਾਂ ਸਵਾਲ ਪੁੱਛਣ ਦੀ FINTRAC ਵੱਲੋਂ ਮੰਗ ਹੈ। ਇਹ ਰੂਲ ਹਰ ਸਾਲ ਬਦਲਦੇ ਰਹਿੰਦੇ ਹਨ। ਜੇ ਇਨ੍ਹਾਂ ਰੂਲਾਂ ਦੀ ਪਾਲਨਾ ਨਹੀਂ ਕੀਤੀ ਜਾਂਦੀ ਤਾਂ ਵਿਅਕਤੀ ਨੂੰ ਜੁਰਮਾਨਾ ਹੋ ਸਕਦਾ ਹੈ। ਅਸੀਂ ਇਸ ਸਵਾਲ ਦੇ ਮੱਦੇਨਜ਼ਰ ਆਪਣੀ ਟੀਮ ਨੂੰ ਸਿਖਲਾਈ ਦਿਆਂਗੇ।

ਸ: ਜਗਪਾਲ ਸਿੰਘ ਸੰਧੂ ਨੇ ਫਿਰ ਸਾਰੇ ਮਹਿਮਾਨਾਂ, ਮੈਂਬਰਾਂ ਅਤੇ ਕਰਮਚਾਰੀਆਂ ਦਾ ਸਾਲਾਨਾ ਜਨਰਲ ਮੀਟਿੰਗ ਵਿਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਜੇ ਕਿਸੇ ਮੈਂਬਰ ਦਾ ਕੋਈ ਸਵਾਲ ਹੋਵੇ ਤਾਂ ਉਹ ਕਿਸੇ ਸਮੇਂ ਵੀ ਮੈਨੂੰ ਜਾਂ ਬੋਰਡ ਦੇ ਕਿਸੇ ਮੈਂਬਰ ਅਤੇ ਪ੍ਰਬੰਧਕਾਂ ਨੂੰ ਸੰਪਰਕ ਕਰ ਸਕਦਾ ਹੈ ਅਤੇ ਸਾਨੂੰ ਸਵਾਲਾਂ ਦੇ ਜਵਾਬ ਦੇਣ ਵਿਚ ਖ਼ੁਸ਼ੀ ਮਹਿਸੂਸ ਹੋਵੇਗੀ।

## ***12. ਮੀਟਿੰਗ ਮੁਲਤਵੀ***

ਦੁਪਹਿਰੇ 2:59 ਵਜੇ ਮੀਟਿੰਗ ਮੁਲਤਵੀ ਹੋਈ।